This question paper contains 4 printed pages]

*Your Roll No.................*

**5284**

**B.A. (PROGRAMME)/I** **A**

PUNJABI LANGUAGE (C)—Paper I

(Basic Punjabi)

(Admission of 2004/2006 and onwards in respect of the students of Regular Colleges/NCWEB)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

ਨੋਟ :- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਅਖ਼ਬਾਰ ਦੇ ਸੰਪਾਦਕ ਨੂੰ ਪਰੂਫ਼ ਰੀਡਰ ਦੀ ਆਸਾਮੀ ਲਈ ਬਿਨੈ ਪੱਤਰ ਲਿਖੋ ।

ਜਾਂ

ਆਪਣੀ ਸਹੇਲੀ ਨੂੰ ਆਪਣੀ ਭੈਣ ਦੇ ਵਿਆਹ 'ਤੇ ਆਉਣ ਲਈ ਸੱਦਾ-ਪੱਤਰ ਲਿਖੋ । 15

2. ਹੇਠ ਲਿਖੇ ਸਿਰਲੇਖਾਂ ਵਿਚੋਂ ਕਿਸੇ ਇਕ ਉਤੇ ਵਿਸਰਾਮ ਚਿੰਨ੍ਹਾਂ ਸਹਿਤ ਸਾਫ਼ ਤੇ ਸ਼ੁੱਧ ਨੋਟਿਸ ਲਿਖੋ। ਯੂਨੀਅਨ ਦੇ ਪ੍ਰਧਾਨ ਵਲੋਂ ਕਾਲਜ ਵਿਚ ਸਫਾਈ ਰਖਣ ਬਾਰੇ ਵਿਦਿਆਰਥੀਆਂ ਨੂੰ ਸੂਚਿਤ ਕਰੋ।

ਜਾਂ

ਕਾਲਜ ਵਿਚ ਮੋਬਾਈਲ ਫੋਨ ਨੂੰ ਬੰਦ ਰੱਖਣ ਵਾਸਤੇ ਪ੍ਰਿੰਸੀਪਲ ਵਲੋਂ ਸੂਚਨਾ। 10

3. ਹੇਠ ਲਿਖੇ ਵਿਸ਼ਿਆ ਵਿਚੋਂ ਕਿਸੇ ਇਕ ਉਪਰ ਢੁਕਵੇਂ ਯੋਜਕਾਂ ਦੀ ਵਰਤੋਂ ਨਾਲ ਪੈਰਾ ਲਿਖੋ :

(*i*) ਕਾਲਜ ਦੀ ਲਾਇਬ੍ਰੇਰੀ;

(*ii*) ਮੈਟਰੋ ਰੇਲ ਸੇਵਾ;

(*iii*) ਦੀਵਾਲੀ। 10

4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

(*i*) ਨਾਂਵ ਕਿਸ ਨੂੰ ਕਹਿੰਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਹਨਾਂ ਦੇ ਨਾਂ ਲਿਖੋ।

(*ii*) ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੀ ਹੁੰਦੀ ਹੈ ? ਉਹਨਾਂ ਦੇ ਨਾਂ ਲਿਖੋ।

(*iii*) ਮੁਕਤਾਂ ਕਿਸਨੂੰ ਕਹਿੰਦੇ ਹਨ ? ਉਦਾਹਰਣਾਂ ਸਹਿਤ ਸਮਝਾਉ।

(*iv*) ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਹਨਾਂ ਦੇ ਨਾਂ ਲਿਖੋ।

(*v*) ਸਮਾਸੀ ਸ਼ਬਦ ਕਿਸਨੂੰ ਕਹਿੰਦੇ ਹਨ ? ਉਦਾਹਰਨਾਂ ਸਹਿਤ ਲਿਖੋ। 10

5. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਤੇ ਸਮਝੋ ਫਿਰ ਹੇਠਾਂ ਦਿਤੇ ਪ੍ਰਸ਼ਨਾਂ ਦੇ ਉੱਤਰ ਦਿਉ :

"ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਠੀਕ ਰੂਪ ਦਿਤਾ। ਇਸ ਦੀ ਪੈਂਤੀ ਅੱਖਰੀ ਬਣਾਈ। ਪੰਜਾਬੀ ਬੋਲੀ ਦੇ ਪ੍ਰਚਾਰ ਲਈ ਤੇ ਇਸ ਨੂੰ ਪੜ੍ਹਾਉਣ ਲਈ ਆਪ ਨੇ ਕਾਇਦੇ ਤਿਆਰ ਕੀਤੇ। ਗੁਰੂ ਸਾਹਿਬ ਦੀ ਉਚਾਰੀ ਬਾਣੀ ਗੁਰਮੁਖੀ ਲਿਪੀ ਵਿਚ ਲਿਖ ਕੇ ਨਿੱਕੇ ਨਿੱਕੇ ਗੁਟਕਿਆਂ ਦੇ ਰੂਪ ਵਿਚ ਸ਼ਰਧਾਲੂਆਂ ਨੇ ਇਕਤਰ ਕਰਨੀ ਸ਼ੁਰੂ ਕਰ ਦਿਤੀ ਸੀ। ਇਹਨਾਂ ਗੁਟਕਿਆ ਤੋਂ ਪਾਠ ਤੋਂ ਕੀਰਤਨ ਕਰਨ ਦੀ ਰੀਤ ਚਲ ਪਈ। ਜੋ ਅਜ ਭੀ ਜਾਰੀ ਹੈ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਗੁਰੂ-ਸ਼ਬਦ ਤੇ ਬੜਾ ਜ਼ੋਰ ਦਿਤਾ।"

ਪ੍ਰਸ਼ਨ :

(i) ਗੁਰੂ ਅੰਗਦ ਦੇਵ ਜੀ ਨੇ ਕਿਹੜੀ ਲਿੱਪੀ ਨੂੰ ਠੀਕ ਰੂਪ ਦਿਤਾ ?

(ii) ਗੁਰਮੁਖੀ ਲਿੱਪੀ ਵਿਚ ਕਿੰਨੇ ਅੱਖਰ ਹਨ ?

(iii) ਪੰਜਾਬੀ ਬੋਲੀ ਦੇ ਪ੍ਰਚਾਰ ਲਈ ਗੁਰੂ ਜੀ ਨੇ ਕੀ ਕੀਤਾ ?

(iv) ਗੁਰੂ ਜੀ ਦੀ ਬਾਣੀ ਸ਼ਰਧਾਲੂਆਂ ਨੇ ਕਿਸ ਰੂਪ ਵਿਚ ਇਕਤਰ ਕਰਨੀ ਸ਼ੁਰੂ ਕੀਤੀ ?

(v) ਗੁਰੂ ਜੀ ਨੇ ਕਿਸ ਤੇ ਜ਼ੋਰ ਦਿੱਤਾ ? 10

6. ਹੇਠ ਲਿਖੇ ਫ਼ਾਰਮ ਨੂੰ ਭਰੋ।

ਅਰਜ਼ੀ ਜਨਮ ਸਰਟੀਫ਼ਿਕੇਟ

"ਬੀ"

ਰਜਿਸਟਰਾਰ

ਜਨਮ ਅਤੇ ਮੌਤ

ਨਗਰ ਨਿਗਮ ਪਟਿਆਲਾ।

(*i*) ਲੜਕਾ/ਲੜਕੀ ..............

(*ii*) ਬੱਚੇ ਦਾ ਪੱਕਾ ਨਾਂ ..............

(*iii*) ਪਿਤਾ ਦਾ ਨਾਂ ..............

(*iv*) ਮਾਤਾ ਦਾ ਨਾਂ ..............

(*v*) ਦਾਦੇ ਦਾ ਨਾਂ ..............

(*vi*) ਜਨਮ ਮਿਤੀ ..............

(*vii*) ਜਨਮ ਅਸਥਾਨ ..............

(ਘਰ/ਹਸਪਤਾਲ/ਨਰਸਿੰਗ ਹੋਮ)

(*viii*) ਰਜਿਸਟਰੇਸ਼ਨ ਨੰ: ..............

(*ix*) ਕਿੰਨੀਆਂ ਕਾਪੀਆਂ ਚਾਹੀਦੀਆਂ ਹਨ ..............

ਮਿਤੀ ..............

ਪ੍ਰਾਰਥਕ ..............

..............ਪਟਿਆਲਾ 10

7. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(*i*) ਕਪੜੇ ਰੰਗਣ ਵਾਲਾ;

(*ii*) ਜਿਥੇ ਯਤੀਮ ਬੱਚੇ ਰਖੇ ਜਾਂਦੇ ਹੋਣ;

(*iii*) ਜੂਆ ਖੇਡਣ ਵਾਲਾ;

(*iv*) ਜਿਸ ਥਾਂ ਸਬਜੀਆਂ ਵਿਕਣ;

(*v*) ਦੂਸਰਿਆਂ ਦਾ ਭਲਾ ਕਰਨ ਵਾਲਾ । 5

8. ਹੇਠਾਂ ਲਿਖੇ ਬਹੁਅਰਥਕ ਸ਼ਬਦਾਂ ਨੂੰ ਵੱਖੋ ਵੱਖ ਅਰਥਾਂ ਵਿਚ ਲੈ ਕੇ ਦੋ ਦੋ ਵਾਕਾਂ ਵਿਚ ਵਰਤੋ :

ਵਾਰ, ਪੂਰਾ, ਸ਼ਾਤਰ, ਚਾਰ, ਉੱਤਰ । 5